UK Health Security Agency

NHS

## ਇੱਕ ਸਾਲ ਦੀ ਉਮਰ ਵਿੱਚ

# ਟੀਕਾਕਰਨ ਦੀ ਗਾਈਡ



**ਫਰਵਰੀ 2022 ਤੋਂ ਟੀਕਾਕਰਨਾਂ ਦੇ ਕਾਰਜਕ੍ਰਮ ਦੀਆਂ ਵਿਸ਼ੇਸ਼ਤਾਵਾਂ**

immunisation

the safest way to protect your child

# ਬਚਪਨ ਦਾ ਟੀਕਾਕਰਨ ਪ੍ਰੋਗਰਾਮ

ਹਰੇਕ ਅਪੌਇੰਟਮੈਂਟ 'ਤੇ ਆਪਣੇ ਨਾਲ ਟੀਕਾਕਰਨ ਦੀ ਰੈੱਡਬੁੱਕ ਲਿਆਉਣਾ ਯਾਦ ਰੱਖੋ।




ਇਹਨਾਂ ਕਿਤਾਬਚਿਆਂ ਦੀਆਂ ਕਾਪੀਆਂ ਤੁਹਾਡੇ ਕਲੀਨਿਕ ਜਾਂ ਡਾਕਟਰ ਦੀ ਸਰਜਰੀ ਤੇ ਉਪਲਬਧ ਹਨ। www.nhs.uk/vaccinations ਵੀ ਦੇਖੋ

ਇਸ ਪਰਚੇ ਵਿੱਚ ਫਰਵਰੀ 2022 ਤੋਂ ਟੀਕਾਕਰਨ ਕਾਰਜਕ੍ਰਮ ਦਿੱਤਾ ਗਿਆ ਹੈ

# ਸੰਖੇਪ-ਜਾਣਕਾਰੀ

## ਇੱਕ ਸਾਲ ਦੀ ਉਮਰ ਵਿੱਚ ਮੇਰੇ ਬੱਚੇ ਦੇ ਕਿਹੜੇ ਟੀਕਾਕਰਨ ਹੋਣਗੇ?

ਤੁਹਾਡੇ ਬੱਚੇ ਨੂੰ ਇੱਕ ਸਾਲ ਦੇ ਟੀਕਾਕਰਨ ਦੌਰੇ ਤੇ 4 ਟੀਕੇ ਲਗਾਏ ਜਾਣਗੇ ਜਿਸ ਵਿੱਚ ਸ਼ਾਮਲ ਹਨ:

- ਉਹਨਾਂ ਦਾ **MenB** ਬੂਸਟਰ ਟੀਕਾਕਰਨ
- ਇਨ੍ਹਾਂ ਤੋਂ ਬਚਾਅ ਲਈ ਇੱਕ **Hib/MenC** ਟੀਕਾਕਰਨ:
  - ਹਿਬ (ਹੀਮੋਫਿਲਸ ਇਨਫਲੂਐਂਜ਼ਾ ਕਿਸਮ ਬੀ), ਅਤੇ
  - ਮੈਨਿਨਜੋਕੋਕਲ ਗਰੁੱਪ ਸੀ ਦੀ ਬਿਮਾਰੀ (MenC)
- ਇਹਨਾਂ ਤੋਂ ਬਚਾਅ ਲਈ ਇੱਕ **PCV13** ਬੂਸਟਰ ਟੀਕਾਕਰਨ:
  - ਨਿਉਮੋਕੋਕਲ ਰੋਗ ਜੋ ਕੁਝ ਕਿਸਮਾਂ ਦੇ ਨਿਊਮੋਕੋਕਲ ਬੈਕਟੀਰੀਆ ਕਾਰਨ ਹੁੰਦਾ ਹੈ
- ਇਹਨਾਂ ਤੋਂ ਬਚਾਅ ਲਈ ਉਹਨਾਂ ਦਾ ਪਹਿਲਾ **MMR** ਟੀਕਾਕਰਨ:
  - ਖਸਰਾ
  - ਕੰਨ ਪੇੜੇ (ਮੰਪਸ)
  - ਰੁਬੇਲਾ



# ਇੱਕ ਸਾਲ ਦੀ ਉਮਰ ਵਿੱਚ ਟੀਕਾਕਰਨ

## ਹਿਬ, ਮੈਨਿਨਜੋਕੋਕਲ ਗਰੁੱਪ ਬੀ ਅਤੇ ਸੀ ਰੋਗ, ਨਿਊਮੋਕੋਕਲ ਬਿਮਾਰੀ, ਖਸਰਾ, ਕੰਨ ਪੇੜੇ ਅਤੇ ਰੁਬੇਲਾ ਤੋਂ ਸੁਰੱਖਿਆ

### ਹਿਬ ਕੀ ਹੈ?

ਹਿਬ ਇੱਕ ਲਾਗ (ਇਨਫੈਕਸ਼ਨ) ਹੈ ਜੋ ਕਿ ਮੈਨਿਨਜਾਈਟਿਸ (ਦਿਮਾਗ ਦੀ ਪਰਤ ਦੀ ਸੋਜਸ਼), ਸੈਪਟੀਸੀਮੀਆ (ਖੂਨ ਵਿੱਚ ਜ਼ਹਿਰ ਫੈਲਣਾ) ਅਤੇ ਨਿਮੋਨੀਆ ਵਰਗੀਆਂ ਕਈ ਵੱਡੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ, ਖਾਸ ਕਰਕੇ ਛੋਟੇ ਬੱਚਿਆਂ ਵਿੱਚ।

Hib/MenC ਵੈਕਸੀਨ ਨੂੰ Menitorix ਕਿਹਾ ਜਾਂਦਾ ਹੈ, ਤੁਸੀਂ www.medicines.org.uk/emc/product/167/pil 'ਤੇ ਮਰੀਜ਼ ਦੀ ਜਾਣਕਾਰੀ ਵਾਲਾ ਪਰਚਾ ਦੇਖ ਸਕਦੇ ਹੋ।

### ਮੈਨਿਨਜੋਕੋਕਲ ਬਿਮਾਰੀ ਕੀ ਹੈ?

ਮੈਨਿਨਜੋਕੋਕਲ ਬਿਮਾਰੀ ਇੱਕ ਗੰਭੀਰ ਲਾਗ ਹੈ ਜੋ ਬੱਚਿਆਂ ਅਤੇ ਨੌਜਵਾਨਾਂ ਵਿੱਚ ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦਾ ਕਾਰਨ ਵੀ ਬਣ ਸਕਦੀ ਹੈ।

ਗਰੁੱਪ ਬੀ ਮੈਨਿਨਜੋਕੋਕਲ ਬੈਕਟੀਰੀਆ (MenB) ਵਰਤਮਾਨ ਸਮੇਂ ਯੂਕੇ ਵਿੱਚ ਮੈਨਿਨਜੋਕੋਕਲ ਬਿਮਾਰੀ ਦੇ ਜ਼ਿਆਦਾਤਰ ਮਾਮਲਿਆਂ ਲਈ ਜ਼ਿੰਮੇਵਾਰ ਹਨ, ਜਦੋਂ ਕਿ ਮੈਨਿਨਜੋਕੋਕਲ ਗਰੁੱਪ ਸੀ (MenC) ਬਿਮਾਰੀ ਹੁਣ ਅਸਧਾਰਨ ਹੈ ਕਿਉਂਕਿ ਜ਼ਿਆਦਾਤਰ ਛੋਟੇ ਬੱਚਿਆਂ ਅਤੇ ਕਿਸ਼ੋਰਾਂ ਦਾ ਨਿਯਮਿਤ ਤੌਰ 'ਤੇ MenC ਵਾਸਤੇ ਟੀਕਾਕਰਨ ਕੀਤਾ ਜਾਂਦਾ ਹੈ।

MenB ਵੈਕਸੀਨ ਨੂੰ Bexsero ਕਿਹਾ ਜਾਂਦਾ ਹੈ, ਤੁਸੀਂ www.medicines.org.uk/emc/product/5168/pil 'ਤੇ ਮਰੀਜ਼ ਦੀ ਜਾਣਕਾਰੀ ਵਾਲਾ ਪਰਚਾ ਦੇਖ ਸਕਦੇ ਹੋ। ।

## ਕਿਹੜੇ ਟੀਕੇ ਵਰਤੇ ਜਾਣਗੇ?

ਤੁਹਾਡੇ ਬੱਚੇ ਨੂੰ ਇੱਕ ਸੰਯੁਕਤ Hib/MenC ਟੀਕੇ ਦੇ ਨਾਲ-ਨਾਲ MenB ਟੀਕੇ ਦੀ ਇੱਕ ਬੂਸਟਰ ਡੋਜ਼ ਦਿੱਤੀ ਜਾਵੇਗੀ। ਇਹ ਟੀਕੇ ਪੱਟ ਜਾਂ ਉਪਰਲੀ ਬਾਂਹ ਦੀ ਮਾਸਪੇਸ਼ੀ ਲਗਾਏ ਜਾਣਗੇ।

## ਮੇਰੇ ਬੱਚੇ ਨੂੰ ਬੂਸਟਰ ਟੀਕਾਕਰਨ ਦੀ ਲੋੜ ਕਿਉਂ ਹੈ?

ਬੂਸਟਰ ਟੀਕਾਕਰਨ ਤੁਹਾਡੇ ਬੱਚੇ ਨੂੰ ਪਹਿਲਾਂ ਤੋਂ ਹੀ ਟੀਕਾਕਰਨ ਦੁਆਰਾ ਦਿੱਤੀ ਗਈ ਸੁਰੱਖਿਆ ਨੂੰ ਵਧਾਉਣ ਲਈ ਕੀਤਾ ਜਾਂਦਾ ਹੈ। ਬਹੁਤ ਛੋਟੇ ਬੱਚਿਆਂ ਲਈ ਟੀਕੇ ਦੁਆਰਾ ਪੇਸ਼ ਕੀਤੀ ਗਈ ਸੁਰੱਖਿਆ ਕੁਝ ਸਮੇਂ ਬਾਅਦ ਖਤਮ ਹੋ ਸਕਦੀ ਹੈ। ਇੱਕ ਬੂਸਟਰ ਖੁਰਾਕ ਸੁਰੱਖਿਆ ਦੀ ਮਿਆਦ ਨੂੰ ਜ਼ਿੰਦਗੀ ਦੇ ਬਾਅਦ ਵਾਲੇ ਸਮੇਂ ਵਿੱਚ ਵਧਾਉਂਦੀ ਹੈ।

## ਕੀ Hib/MenC ਅਤੇ MenB ਟੀਕਿਆਂ ਦੇ ਕੋਈ ਮਾੜੇ ਪ੍ਰਭਾਵ ਹੋਣਗੇ?

ਤੁਹਾਡੇ ਬੱਚੇ ਦੇ ਉਸ ਜਗ੍ਹਾ ’ਤੇ ਲਾਲੀ, ਸੋਜ ਜਾਂ ਛੂਹਣ ’ਤੇ ਤਕਲੀਫ ਹੋ ਸਕਦੀ ਹੈ ਜਿੱਥੇ ਉਸ ਨੇ ਟੀਕਾ ਲਗਾਇਆ ਸੀ। ਟੀਕਾ ਲਗਵਾਉਣ ਵਾਲੇ ਲਗਭਗ ਅੱਧੇ ਬੱਚੇ ਚਿੜਚਿੜੇ ਹੋ ਸਕਦੇ ਹਨ, ਅਤੇ ਕੁਝ ਨੂੰ ਹਲਕਾ ਬੁਖਾਰ ਹੋ ਸਕਦਾ ਹੈ। ਤੁਸੀਂ ਇਸ ਬਾਰੇ ਹੋਰ ਜਾਣਕਾਰੀ ਆਪਣੇ ਜੀਪੀ, ਪ੍ਰੈਕਟਿਸ ਨਰਸ ਜਾਂ ਹੈਲਥ ਵਿਜ਼ਟਰ ਤੋਂ ਪ੍ਰਾਪਤ ਕਰ ਸਕਦੇ ਹੋ।



## ਨਿਊਮੋਕੋਕਲ ਬਿਮਾਰੀ ਕੀ ਹੈ?

ਬੱਚਿਆਂ ਵਿੱਚ ਬੈਕਟੀਰੀਅਲ ਮੈਨਿਨਜਾਈਟਿਸ ਦੇ ਸਭ ਤੋਂ ਆਮ ਕਾਰਨਾਂ ਵਿੱਚੋਂ ਇੱਕ ਨਿਊਮੋਕੋਕਲ ਬਿਮਾਰੀ ਹੈ ਪਰ ਇਹ ਸੈਪਟੀਸੀਮੀਆ, ਨਮੋਨੀਆ, ਕੰਨ ਦੀ ਲਾਗ (ਓਟਿਟਿਸ ਮੀਡੀਆ) ਅਤੇ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੀ ਹੈ। ਨਿਊਮੋਕੋਕਲ ਬੈਕਟੀਰੀਆ ਦੀਆਂ 90 ਤੋਂ ਵੱਧ ਕਿਸਮਾਂ ਹਨ।

## ਕਿਹੜਾ ਟੀਕਾ ਵਰਤਿਆ ਜਾਵੇਗਾ?

ਵਰਤਿਆ ਗਿਆ ਟੀਕਾ PCV13 (ਨਿਊਮੋਕੋਕਲ ਕਨਜੁਗੇਟ ਵੈਕਸੀਨ) ਦੀ ਇੱਕ ਬੂਸਟਰ ਖੁਰਾਕ ਹੈ ਜੋ ਕਿ 13 ਵੱਖ-ਵੱਖ ਨਿਊਮੋਕੋਕਲ ਕਿਸਮਾਂ ਤੋਂ ਬਚਾਉਂਦੀ ਹੈ ਜੋ ਆਮ ਤੌਰ 'ਤੇ ਬੱਚਿਆਂ ਵਿੱਚ ਨਿਊਮੋਕੋਕਲ ਰੋਗ ਦਾ ਕਾਰਨ ਬਣਦੀਆਂ ਹਨ। ਇਹ ਟੀਕਾ Hib/MenC ਅਤੇ MenB ਟੀਕਿਆਂ ਵਾਲੇ ਦੌਰੇ ਦੌਰਾਨ ਹੀ ਪੱਟ ਜਾਂ ਉੱਪਰੀ ਬਾਂਹ ਦੀ ਮਾਸਪੇਸ਼ੀ ਵਿੱਚ ਲਗਾਇਆ ਜਾਵੇਗਾ।

## ਕੀ PCV ਵੈਕਸੀਨ ਦੇ ਕੋਈ ਮਾੜੇ ਪ੍ਰਭਾਵ ਹੋਣਗੇ?

ਟੀਕਾਕਰਨ ਕੀਤੇ ਗਏ 10 ਬੱਚਿਆਂ ਵਿੱਚੋਂ, 1 ਜਾਂ 2 ਨੂੰ ਟੀਕੇ ਵਾਲੀ ਥਾਂ ਤੇ ਸੋਜ, ਲਾਲੀ ਜਾਂ ਛੂਹਣ ’ਤੇ ਤਕਲੀਫ ਹੋ ਸਕਦੀ ਹੈ ਜਾਂ ਹਲਕਾ ਬੁਖਾਰ ਹੋ ਸਕਦਾ ਹੈ। The PCV ਵੈਕਸੀਨ ਨੂੰ ਪ੍ਰੀਵੇਨਰ 13 ਕਿਹਾ ਜਾਂਦਾ ਹੈ, ਤੁਸੀਂ www.medicines.org.uk/emc/product/453/pil ’ਤੇ ਮਰੀਜ਼ ਦੀ ਜਾਣਕਾਰੀ ਵਾਲਾ ਪਰਚਾ ਦੇਖ ਸਕਦੇ ਹੋ।

## ਖਸਰਾ ਕੀ ਹੈ?

ਖਸਰਾ ਇੱਕ ਬਹੁਤ ਹੀ ਛੂਤ ਵਾਲੇ ਵਾਇਰਸ ਕਾਰਨ ਹੁੰਦਾ ਹੈ। ਲਗਭਗ ਜਿਸ ਕਿਸੇ ਨੂੰ ਵੀ ਇਹ ਹੁੰਦਾ ਹੈ ਉਸਨੂੰ ਤੇਜ਼ ਬੁਖਾਰ, ਧੱਫੜ ਹੋਣਗੇ ਅਤੇ ਆਮ ਤੌਰ 'ਤੇ ਬਿਮਾਰ ਹੋਣਗੇ। ਖਸਰੇ ਦੀਆਂ ਪੇਚੀਦਗੀਆਂ ਵਿੱਚ ਛਾਤੀ ਦੀ ਲਾਗ, ਫਿੱਟ (ਦੌਰੇ), ਇਨਸੇਫਲਾਈਟਿਸ (ਦਿਮਾਗ ਦੀ ਲਾਗ), ਅਤੇ ਦਿਮਾਗ ਨੂੰ ਨੁਕਸਾਨ ਸ਼ਾਮਲ ਹਨ। ਬਹੁਤ ਗੰਭੀਰ ਮਾਮਲਿਆਂ ਵਿੱਚ, ਖਸਰਾ ਮੌਤ ਦਾ ਕਾਰਨ ਬਣ ਸਕਦਾ ਹੈ।

## ਕੰਨ ਪੇੜੇ (ਮੰਪਸ) ਕੀ ਹੈ?

ਕੰਨ ਪੇੜੇ ਇੱਕ ਵਾਇਰਸ ਕਾਰਨ ਹੁੰਦਾ ਹੈ ਜਿਸ ਨਾਲ ਬੁਖਾਰ, ਸਿਰ ਦਰਦ ਅਤੇ ਚਿਹਰੇ, ਗਰਦਨ ਅਤੇ ਜਬਾੜੇ ਵਿੱਚ ਗ੍ਰੰਥੀਆਂ ਵਿੱਚ ਦਰਦ ਹੋ ਸਕਦਾ ਹੈ ਅਤੇ ਉਹ ਸੁੱਜ ਸਕਦੀਆਂ ਹਨ। ਇਸ ਦੇ ਨਤੀਜੇ ਵਜੋਂ ਸਥਾਈ ਬੋਲ਼ੇਪਣ, ਵਾਇਰਲ ਮੈਨਿਨਜਾਈਟਿਸ ਅਤੇ ਇਨਸੇਫਲਾਈਟਿਸ (ਦਿਮਾਗ ਦੀ ਸੋਜ) ਹੋ ਸਕਦਾ ਹੈ।

## ਰੁਬੇਲਾ ਕੀ ਹੈ?

ਰੁਬੇਲਾ (ਜਰਮਨ ਖਸਰਾ) ਇੱਕ ਵਾਇਰਸ ਕਾਰਨ ਹੋਣ ਵਾਲੀ ਬਿਮਾਰੀ ਹੈ। ਬੱਚਿਆਂ ਵਿੱਚ ਇਹ ਆਮ ਤੌਰ 'ਤੇ ਮਾਮੂਲੀ ਹੁੰਦੀ ਹੈ ਅਤੇ ਇਸ ਤੇ ਅਕਸਰ ਕਿਸੇ ਦਾ ਧਿਆਨ ਨਹੀਂ ਜਾਂਦਾ ਹੈ। ਪਰ, ਗਰਭ ਅਵਸਥਾ ਵਿੱਚ ਰੁਬੇਲਾ ਅਣਜੰਮੇ ਬੱਚਿਆਂ ਲਈ ਬਹੁਤ ਗੰਭੀਰ ਹੈ। ਇਹ ਉਹਨਾਂ ਦੀ ਨਜ਼ਰ, ਸੁਣਨ ਦੀ ਯੋਗਤਾ, ਦਿਲ ਅਤੇ ਦਿਮਾਗ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾ ਸਕਦੀ ਹੈ। ਇਸ ਸਿਹਤ-ਸਮੱਸਿਆ ਨੂੰ ਕਨਜੈਨੀਟਲ ਰੁਬੇਲਾ ਸਿੰਡਰੋਮ (CRS) ਕਿਹਾ ਜਾਂਦਾ ਹੈ।

## MMR ਟੀਕਾ ਕੀ ਹੈ?

ਇਸ ਵਿੱਚ ਜੀਵੰਤ ਖਸਰੇ, ਕੰਨ ਪੇੜੇ ਅਤੇ ਰੁਬੇਲਾ ਵਾਇਰਸ ਦੇ ਕਮਜ਼ੋਰ ਰੂਪ ਸ਼ਾਮਲ ਹੁੰਦੇ ਹਨ। ਕਿਉਂਕਿ ਵਾਇਰਸ ਕਮਜ਼ੋਰ ਕੀਤੇ ਜਾਂਦੇ ਹਨ, ਇਸ ਲਈ ਜਿਨ੍ਹਾਂ ਲੋਕਾਂ ਨੇ ਟੀਕੇ ਲਗਵਾਏ ਹੁੰਦੇ ਹਨ, ਉਹ ਦੂਜੇ ਲੋਕਾਂ ਨੂੰ ਲਾਗਗ੍ਰਸਤ ਨਹੀਂ ਕਰ ਸਕਦੇ ਹਨ। ਯੂਕੇ ਵਿੱਚ ਸਾਡੇ ਕੋਲ 2 MMR ਟੀਕੇ ਹਨ। ਦੋਵੇਂ ਬਹੁਤ ਵਧੀਆ ਢੰਗ ਨਾਲ ਕੰਮ ਕਰਦੇ ਹਨ, ਇੱਕ ਵਿੱਚ ਪੋਰਸੀਨ ਜੈਲੇਟਿਨ ਹੁੰਦਾ ਹੈ ਅਤੇ ਦੂਜੇ ਵਿੱਚ ਨਹੀਂ ਹੁੰਦਾ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨੂੰ ਪੋਰਸੀਨ ਜਿਲੇਟਿਨ ਮੁਕਤ ਟੀਕਾ ਲਗਾਇਆ ਜਾਵੇ, ਤਾਂ ਇਸ ਬਾਰੇ ਆਪਣੀ ਪ੍ਰੈਕਟਿਸ ਨਰਸ ਜਾਂ ਜੀਪੀ ਨਾਲ ਗੱਲ ਕਰੋ।

## ਟੀਕਾ ਕਿਵੇਂ ਅਤੇ ਕਦੋਂ ਲਗਾਇਆ ਜਾਂਦਾ ਹੈ?

ਟੀਕੇ ਨੂੰ ਪੱਟ ਜਾਂ ਉਪਰਲੀ ਬਾਂਹ ਦੀ ਮਾਸਪੇਸ਼ੀ ਵਿੱਚ ਲਗਾਇਆ ਜਾਂਦਾ ਹੈ। ਇਹ ਇੱਕ ਸਾਲ ਦੀ ਉਮਰ ਵਿੱਚ ਦਿੱਤਾ ਜਾਂਦਾ ਹੈ ਜਦੋਂ ਬੱਚੇ ਦੀ ਆਪਣੀ ਮਾਂ ਤੋਂ ਮਿਲੀ ਰੋਗ-ਪ੍ਰਤੀਰੋਧਕਤਾ ਕਮਜ਼ੋਰ ਹੋ ਜਾਂਦੀ ਹੈ। ਤੁਹਾਡੇ ਬੱਚੇ ਦੇ ਲਗਭਗ 3 ਸਾਲ ਅਤੇ 4 ਮਹੀਨੇ ਦੀ ਉਮਰ ਵਿੱਚ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਟੀਕੇ ਦੀ ਦੂਜੀ ਖੁਰਾਕ ਦੁਬਾਰਾ ਦਿੱਤੀ ਜਾਣੀ ਚਾਹੀਦੀ ਹੈ।

## MMR ਟੀਕਾ ਕਿੰਨੀ ਅਸਰਦਾਰ ਹੈ?

MMR ਟੀਕਾ 1988 ਵਿੱਚ ਯੂਕੇ ਵਿੱਚ ਸ਼ੁਰੂ ਕੀਤੇ ਜਾਣ ਤੋਂ ਬਾਅਦ ਤੋਂ ਛੋਟੇ ਬੱਚਿਆਂ ਵਿੱਚ ਇਹਨਾਂ 3 ਬਿਮਾਰੀਆਂ ਨੂੰ ਲਗਭਗ ਖ਼ਤਮ ਕਰਨ ਲਈ ਜ਼ਿੰਮੇਵਾਰ ਹੈ।

## ਕੀ MMR ਟੀਕੇ ਦੇ ਕੋਈ ਮਾੜੇ ਪ੍ਰਭਾਵ ਹੋਣਗੇ?

ਟੀਕੇ ਵਿਚਲੇ 3 ਵੱਖ-ਵੱਖ ਵਾਇਰਸ ਵੱਖ-ਵੱਖ ਸਮਿਆਂ 'ਤੇ ਕੰਮ ਕਰਦੇ ਹਨ ਅਤੇ ਪਹਿਲੀ ਖੁਰਾਕ ਤੋਂ ਬਾਅਦ ਹੇਠ ਲਿਖੇ ਮਾੜੇ ਪ੍ਰਭਾਵ ਪੈਦਾ ਕਰ ਸਕਦੇ ਹਨ:

- ਟੀਕਾਕਰਨ ਤੋਂ 6 ਤੋਂ 10 ਦਿਨਾਂ ਬਾਅਦ, ਜਿਵੇਂ ਕਿ ਟੀਕੇ ਦਾ ਖਸਰੇ ਵਾਲਾ ਹਿੱਸਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਲਗਭਗ 10 ਵਿੱਚੋਂ ਇੱਕ ਬੱਚੇ ਨੂੰ ਬੁਖਾਰ ਹੋ ਸਕਦਾ ਹੈ ਅਤੇ ਕੁਝ ਨੂੰ ਹਲਕੇ ਖਸਰੇ ਵਰਗੇ ਧੱਫੜ ਹੋ ਸਕਦੇ ਹਨ ਅਤੇ ਹੋ ਸਕਦਾ ਹੈ ਉਹ ਭੋਜਨ ਛੱਡ ਦੇਣ।
- ਟੀਕਾਕਰਨ ਕਰਵਾਉਣ ਵਾਲੇ ਹਰ 1,000 ਬੱਚਿਆਂ ਵਿੱਚੋਂ ਲਗਭਗ ਇੱਕ ਨੂੰ ਬੁਖਾਰ ਕਾਰਨ ਦੌਰਾ ਪੈ ਸਕਦਾ ਹੈ। ਇਸ ਨੂੰ 'ਬੁਖ਼ਾਰ ਕਾਰਨ ਪੈਣ ਵਾਲਾ ਦੌਰਾ' ਕਿਹਾ ਜਾਂਦਾ ਹੈ। ਹਾਲਾਂਕਿ, ਜਿਨ੍ਹਾਂ ਬੱਚਿਆਂ ਦਾ ਟੀਕਾਕਰਨ ਨਹੀਂ ਕੀਤਾ  ਜਾਂਦਾ ਅਤੇ ਉਨ੍ਹਾਂ ਨੂੰ ਖਸਰਾ ਹੋ ਜਾਂਦਾ ਹੈ, ਉਨ੍ਹਾਂ ਨੂੰ ਦੌਰਾ ਪੈਣ ਦੀ ਸੰਭਾਵਨਾ 3 ਗੁਣਾ ਜ਼ਿਆਦਾ ਹੁੰਦੀ ਹੈ
- MMR ਟੀਕਾਕਰਨ ਤੋਂ ਲਗਭਗ 3 ਹਫਤਿਆਂ ਬਾਅਦ, ਜਿਵੇਂ ਕਿ ਵੈਕਸੀਨ ਦਾ ਕੰਨ ਪੇੜੇ ਦਾ ਹਿੱਸਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਕੁਝ ਬੱਚਿਆਂ ਨੂੰ ਬਹੁਤ ਘੱਟ ਮੌਕਿਆਂ ’ਤੇ ਕੰਨ ਪੇੜੇ ਵਰਗੇ ਲੱਛਣ (ਬੁਖਾਰ ਅਤੇ ਸੁੱਜੀਆਂ ਗ੍ਰੰਥੀਆਂ) ਹੋ ਸਕਦੇ ਹਨ।

**MMR ਖਸਰੇ, ਕੰਨ ਪੇੜੇ ਅਤੇ ਰੁਬੇਲਾ ਤੋਂ**
**ਆਪਣੇ** ਬੱਚੇ ਦੀ **ਸੁਰੱਖਿਆ** ਕਰਨ
ਦਾ ਸਭ ਤੋਂ ਸੁਰੱਖਿਅਤ ਤਰੀਕਾ ਹੈ

- ਬਹੁਤ ਘੱਟ ਮੌਕੇ ’ਤੇ, ਬੱਚਿਆਂ ਨੂੰ ਟੀਕਾਕਰਨ ਤੋਂ ਬਾਅਦ 6 ਹਫ਼ਤਿਆਂ ਵਿੱਚ ਛੋਟੇ ਨੀਲ ਦੇ ਨਿਸ਼ਾਨ ਵਰਗੇ ਧੱਬੇ ਹੋ ਸਕਦੇ ਹਨ। ਇਹ ਆਮ ਤੌਰ 'ਤੇ ਵੈਕਸੀਨ ਦੇ ਖਸਰੇ ਜਾਂ ਰੁਬੇਲਾ ਦੇ ਹਿੱਸੇ ਕਾਰਨ ਹੁੰਦਾ ਹੈ। ਜੇਕਰ ਤੁਸੀਂ ਇਸ ਤਰ੍ਹਾਂ ਦੇ ਧੱਬੇ ਦੇਖਦੇ ਹੋ, ਤਾਂ ਆਪਣੇ ਬੱਚੇ ਦੀ ਜਾਂਚ ਕਰਵਾਉਣ ਲਈ ਡਾਕਟਰ ਕੋਲ ਲੈ ਜਾਓ। ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਧੱਫੜ ਨਾਲ ਕਿਵੇਂ ਨਜਿੱਠਣਾ ਹੈ ਅਤੇ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਸੁਰੱਖਿਆ ਕਿਵੇਂ ਕਰਨੀ ਹੈ
- MMR ਵੈਕਸੀਨ ਤੋਂ ਬਾਅਦ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਘੱਟ ਬੱਚਿਆਂ ਵਿੱਚ ਇਨਸੇਫਲਾਈਟਿਸ (ਦਿਮਾਗ ਦੀ ਸੋਜ ਅਤੇ ਸੋਜ) ਹੋ ਸਕਦੀ ਹੈ। ਹਾਲਾਂਕਿ, ਜੇਕਰ ਇੱਕ ਬੱਚੇ ਨੂੰ ਖਸਰਾ ਹੋ ਜਾਂਦਾ ਹੈ, ਤਾਂ ਇਨਸੇਫਲਾਈਟਿਸ ਹੋਣ ਦੀ ਸੰਭਾਵਨਾ 200 ਵਿੱਚੋਂ ਇੱਕ ਅਤੇ 5,000 ਵਿੱਚੋਂ ਇੱਕ ਦੇ ਵਿਚਕਾਰ ਹੁੰਦੀ ਹੈ।

## ਜੇ ਮੇਰੇ ਬੱਚੇ ਨੂੰ ਅੰਡੇ ਤੋਂ ਐਲਰਜੀ ਹੈ ਤਾਂ ਕੀ ਹੋਵੇਗਾ?

MMR ਟੀਕਾ ਉਹਨਾਂ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਲਗਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਅੰਡੇ ਤੋਂ ਗੰਭੀਰ ਐਲਰਜੀ (ਐਨਾਫਾਈਲੈਕਟਿਕ ਪ੍ਰਤੀਕ੍ਰਿਆ) ਹੋਈ ਹੈ। ਜੇਕਰ ਤੁਹਾਨੂੰ ਕੋਈ ਚਿੰਤਾ ਹੈ, ਤਾਂ ਆਪਣੇ ਹੈਲਥ ਵਿਜ਼ਟਰ, ਪ੍ਰੈਕਟਿਸ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## ਕੀ MMR ਟੀਕੇ ਵਿੱਚ ਜਿਲੇਟਿਨ ਹੁੰਦਾ ਹੈ?

UK ਵਿੱਚ, ਸਾਡੇ ਕੋਲ 2 MMR ਵੈਕਸੀਨ ਹਨ ਜੋ ਬਹੁਤ ਵਧੀਆ ਕੰਮ ਕਰਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਵਿੱਚ ਜੈਲੇਟਿਨ ਹੁੰਦਾ ਹੈ ਅਤੇ ਦੂਜੇ ਵਿੱਚ ਨਹੀਂ ਹੁੰਦਾ। ਜੇਕਰ ਤੁਸੀਂ ਉਹ ਟੀਕਾ ਲਗਵਾਉਣਾ ਚਾਹੁੰਦੇ ਹੋ ਜਿਸ ਵਿੱਚ ਪੋਰਸੀਨ ਜਿਲੇਟਿਨ ਨਹੀਂ ਹੈ, ਤਾਂ ਆਪਣੀ ਪ੍ਰੈਕਟਿਸ ਨਰਸ ਜਾਂ ਜੀਪੀ ਨਾਲ ਗੱਲ ਕਰੋ। ਤੁਸੀਂ MMR ਵੈਕਸੀਨ ਦੇ ਮਰੀਜ਼ ਦੇ ਜਾਣਕਾਰੀ ਸਬੰਧੀ ਪਰਚੇ ਇੱਥੇ ਦੇਖ ਸਕਦੇ ਹੋ:

**Priorix:**
www.medicines.org.uk/emc/product/1159/pil

**MMRVAXPRO:**
www.medicines.org.uk/emc/product/6307/pil

# ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਤੋਂ ਸਾਵਧਾਨ ਰਹੋ

ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦੋਵੇਂ ਬਹੁਤ ਗੰਭੀਰ ਹਨ। ਇਹ ਮਹੱਤਵਪੂਰਨ ਹੈ ਕਿ ਤੁਸੀਂ ਲੱਛਣਾਂ ਅਤੇ ਸੰਕੇਤਾਂ ਨੂੰ ਪਹਿਚਾਣਦੇ ਹੋ ਅਤੇ ਇਸ ਬਾਰੇ ਪਤਾ ਹੁੰਦਾ ਹੈ ਕਿ ਜੇਕਰ ਤੁਸੀਂ ਉਨ੍ਹਾਂ ਨੂੰ ਦੇਖਦੇ ਹੋ ਤਾਂ ਕੀ ਕਰਨਾ ਹੈ।

ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਦੇ ਸ਼ੁਰੂਆਤੀ ਲੱਛਣ ਜ਼ੁਕਾਮ ਜਾਂ ਫਲੂ (ਬੁਖਾਰ, ਉਲਟੀਆਂ, ਚਿੜਚਿੜਾਪਨ ਅਤੇ ਬੇਚੈਨੀ) ਵਰਗੇ ਸਕਦੇ ਹਨ।

ਹਾਲਾਂਕਿ, ਮੈਨਿਨਜਾਈਟਿਸ ਜਾਂ ਸੈਪਟੀਸੀਮੀਆ ਤੋਂ ਪ੍ਰਭਾਵਿਤ ਵਿਅਕਤੀ ਘੰਟਿਆਂ ਦੇ ਅੰਦਰ ਗੰਭੀਰ ਰੂਪ ਵਿੱਚ ਬਿਮਾਰ ਹੋ ਸਕਦੇ ਹਨ, ਇਸ ਲਈ ਇਹਨਾਂ ਸਿਹਤ-ਸਮੱਸਿਆਵਾਂ ਦੇ ਚਿੰਨ੍ਹ ਅਤੇ ਲੱਛਣਾਂ ਨੂੰ ਜਾਣਨਾ ਮਹੱਤਵਪੂਰਨ ਹੈ।



## ਮੈਨਿਨਜਾਈਟਿਸ ਕੀ ਹੈ?

ਮੈਨਿਨਜਾਈਟਿਸ ਦਿਮਾਗ ਦੀ ਪਰਤ ਦੀ ਲਾਗ ਹੈ। ਮੈਨਿਨਜਾਈਟਿਸ ਕਈ ਕਿਸਮਾਂ ਦੇ ਬੈਕਟੀਰੀਆ ਜਾਂ ਵਾਇਰਸ ਕਾਰਨ ਹੋ ਸਕਦਾ ਹੈ।

ਮੈਨਿਨਜੋਕੋਕਲ ਬੈਕਟੀਰੀਆ ਦੀ ਲਾਗ ਕਾਰਨ ਮੈਨਿਨਜਾਈਟਿਸ, ਸੈਪਟੀਸੀਮੀਆ (ਖੂਨ ਵਿੱਚ ਜ਼ਹਿਰ ਫੈਲਣਾ), ਪੈਰੀਕਾਰਡਾਈਟਿਸ (ਦਿਲ ਵਾਲੀ ਥੈਲੀ ਦੀ ਪਰਤ ਦੀ ਸੋਜਸ਼) ਅਤੇ ਗਠੀਆ (ਜੋੜਾਂ ਦੀ ਸੋਜ) ਹੋ ਸਕਦਾ ਹੈ।

ਛੋਟੇ ਬੱਚਿਆਂ ਵਿੱਚ, ਮੈਨਿਨਜਾਈਟਿਸ ਦੇ ਮੁੱਖ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਉੱਚੀ-ਉੱਚੀ, ਚੀਕ ਕੇ ਰੋਣਾ
- ਜਦੋਂ ਚੁੱਕਿਆ ਜਾਂਦਾ ਹੈ ਤਾਂ ਚਿੜਚਿੜਾ ਹੁੰਦਾ ਹੈ
- ਇੱਕ ਬਲਜਿੰਗ ਫੌਂਟੇਨੇਲ
- ਨਿੰਦਰਾਇਆ ਅਤੇ ਘੱਟ ਪ੍ਰਤੀਕਿਰਿਆ ਪ੍ਰਗਟ ਕਰਨ ਵਲਾ - ਜਾਗਣ ਵਿੱਚ ਮੁਸ਼ਕਿਲ ਹੋਣੀ
- ਢਿੱਲਾ ਅਤੇ ਸੁਸਤ
- ਝਟਕੇਦਾਰ ਹਰਕਤਾਂ ਨਾਲ ਅਕੜਾਅ (ਮਰੋੜੀ /ਦੌਰੇ ਪੈਣਾ )
- ਫੀਡ ਤੋਂ ਇਨਕਾਰ ਕਰਨਾ, ਉਲਟੀਆਂ ਕਰਨਾ
- ਚਮੜੀ ਜੋ ਪੀਲੀ, ਧੱਬੇਦਾਰ ਜਾਂ ਨੀਲੀ ਹੋ ਰਹੀ ਹੈ
- ਬੁਖਾਰ

## ਸੈਪਟੀਸੀਮੀਆ ਕੀ ਹੈ?

ਸੈਪਟੀਸੀਮੀਆ ਇੱਕ ਬਹੁਤ ਗੰਭੀਰ ਸਿਹਤ-ਸਮੱਸਿਆ ਹੈ ਜਦੋਂ ਖ਼ੂਨ ਦਾ ਪ੍ਰਵਾਹ ਲਾਗਗ੍ਰਸਤ ਹੁੰਦਾ ਹੈ। ਠੰਡੇ ਹੱਥਾਂ ਅਤੇ ਪੈਰਾਂ, ਪਿਲੱਤਣ ਭਰੀ ਚਮੜੀ, ਉਲਟੀਆਂ ਅਤੇ ਬਹੁਤ ਜ਼ਿਆਦਾ ਨੀਂਦ ਆਉਣ ਜਾਂ ਜਾਗਣ ਵਿੱਚ ਮੁਸ਼ਕਲ ਹੋਣ ਦੇ ਲੱਛਣ ਜਲਦੀ ਸਾਹਮਣੇ ਆ ਸਕਦੇ ਹਨ। ਜੇ ਤੁਹਾਨੂੰ ਸੈਪਟੀਸੀਮੀਆ ਦਾ ਸ਼ੱਕ ਹੈ, ਤਾਂ ਤੁਰੰਤ ਮਦਦ ਲਓ।

ਛੋਟੇ ਬੱਚਿਆਂ ਵਿੱਚ, ਸੈਪਟੀਸੀਮੀਆ ਦੇ ਮੁੱਖ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸਾਹ ਲੈਣ ਦੇ ਤੇਜ਼ ਜਾਂ ਅਸਾਧਾਰਨ ਪੈਟਰਨ
- ਚਮੜੀ ਜੋ ਪੀਲੀ, ਧੱਬੇਦਾਰ ਜਾਂ ਨੀਲੀ ਹੋ ਰਹੀ ਹੈ
- ਬੁਖਾਰ ਦੇ ਨਾਲ ਹੱਥ ਪੈਰ ਠੰਡੇ ਹੋਣਾ
- ਕੰਬਣਾ
- ਉਲਟੀਆਂ ਕਰਨਾ ਅਤੇ ਫੀਡ ਲੈਣ ਤੋਂ ਇਨਕਾਰ ਕਰਨਾ
- ਲਾਲ ਜਾਂ ਜਾਮਨੀ ਧੱਬੇ ਜੋ ਦਬਾਅ ਹੇਠ ਹਲਕੇ ਨਹੀਂ ਹੁੰਦੇ (ਅਗਲੇ ਪੰਨੇ 'ਤੇ ਦੱਸੇ ਗਏ ਗਲਾਸ ਟੈਸਟ ਨੂੰ ਕਰੋ)*
- ਮਾਸਪੇਸ਼ੀ ਦੇ ਦਰਦ ਜਾਂ ਲੱਤਾਂ-ਬਾਹਵਾਂ ਜਾਂ ਜੋੜਾਂ ਦੇ ਬਹੁਤ ਜ਼ਿਆਦਾ ਦਰਦ ਕਾਰਨ ਤਕਲੀਫ ਜਾਂ ਚਿੜਚਿੜਾਪਨ
- ਸੁਸਤੀ
- ਬਹੁਤ ਨੀਂਦ ਆਉਣਾ

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਹਰ ਕਿਸੇ ਨੂੰ ਸੂਚੀਬੱਧ ਕੀਤੇ ਸਾਰੇ ਲੱਛਣ ਨਹੀਂ ਹੋਣਗੇ। ਜੇਕਰ ਕਿਸੇ ਵਿਅਕਤੀ ਨੂੰ ਕੁਝ ਲੱਛਣ, ਖਾਸ ਕਰਕੇ ਲਾਲ ਜਾਂ ਜਾਮਨੀ ਧੱਬੇ ਹੁੰਦੇ ਹਨ, ਤਾਂ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰੋ। ਜੇ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਨਹੀਂ ਕਰ ਸਕਦੇ ਹੋ, ਜਾਂ ਸਲਾਹ ਲੈਣ ਤੋਂ ਬਾਅਦ ਵੀ ਚਿੰਤਤ ਹੋ, ਤਾਂ ਆਪਣੇ ਸਹਿਜ-ਬੋਧ 'ਤੇ ਭਰੋਸਾ ਕਰੋ ਅਤੇ ਆਪਣੇ ਬੱਚੇ ਨੂੰ ਆਪਣੇ ਨਜ਼ਦੀਕੀ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਲੈ ਜਾਓ।

* ਗੂੜ੍ਹੇ ਰੰਗ ਦੀ ਚਮੜੀ, ਪਲਕਾਂ ਦੇ ਅੰਦਰ ਜਾਂ ਮੂੰਹ ਦੇ ਉੱਤੇ ਦੇਖੋ ਜਿੱਥੇ ਧੱਬੇ ਜ਼ਿਆਦਾ ਦਿਖਾਈ ਦੇ ਸਕਦੇ ਹਨ।



### 'ਗਲਾਸ ਟੈਸਟ'

ਪੀਣ ਵਾਲੇ ਸਾਫ਼ (ਪਾਰਦਰਸ਼ੀ) ਗਲਾਸ ਦੇ ਪਾਸੇ ਨੂੰ ਧੱਫੜ ਤੇ ਮਜ਼ਬੂਤੀ ਨਾਲ ਦਬਾਓ ਤਾਂ ਜੋ ਤੁਸੀਂ ਦੇਖ ਸਕੋ ਕਿ ਕੀ ਦਬਾਅ ਹੇਠ ਧੱਫੜ ਫਿੱਕੇ ਪੈ ਜਾਂਦੇ ਹਨ ਅਤੇ ਰੰਗ ਚਲਾ ਜਾਂਦਾ ਹੈ। ਜੇਕਰ ਇਹ ਰੰਗ ਨਹੀਂ ਬਦਲਦਾ, ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਮੈਨੂੰ ਹੋਰ ਜਾਣਕਾਰੀ ਕੱਥੋਂ ਮਲਿ ਸਕਦੀ ਹੈ?

ਇਹ ਚੈਰਟਿੀਆਂ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ:

**ਮੈਨਨਿਜਾਈਟਸਿ ਰਸਿਰਚ ਫਾਊਂਡੇਸ਼ਨ**

ਮੁਫ਼ਤ ਹੈਲਪਲਾਈਨ 080 8800 3344
( ਹਫ਼ਤੇ ਦੇ ਆਮ ਕੰਮਕਾਜੀ ਦਨਿਾਂ ਸਮੇਂ ਸਵੇਰੇ 9 ਤੋਂ ਰਾਤ 10 ਵਜੇ ਤੱਕ,
ਵੀਕਐਂਡ ਅਤੇ ਛੁੱਟੀਆਂ ਸਮੇਂ ਸਵੇਰੇ 10 ਵਜੇ ਤੋਂ ਰਾਤ 8 ਵਜੇ)
www.meningitis.org

**ਮੈਨਨਿਜਾਈਟਸਿ ਨਾਓ**

24 ਘੰਟੇ ਦੀ ਹੈਲਪਲਾਈਨ
0808 80 10 388
www.meningitisnow.org

ਤੁਸੀਂ ਸਲਾਹ ਲਈ ਆਪਣੇ ਡਾਕਟਰ, ਪ੍ਰੈਕਟਸਿ ਨਰਸ ਜਾਂ ਹੈਲਥ ਵਜ਼ਿਟਰ ਨੂੰ ਵੀ ਪੁੱਛ ਸਕਦੇ ਹੋ, ਜਾਂ **111** 'ਤੇ **NHS** ਨੂੰ ਕਾਲ ਕਰ ਸਕਦੇ ਹੋ।

**ਮਾਪੇ ਅਤੇ ਦੇਖਭਾਲਕਰਤਾ- ਯੈਲੋ ਕਾਰਡ (Yellow Card) ਸਕੀਮ ਰਾਹੀਂ ਵੈਕਸੀਨ ਅਤੇ ਦਵਾਈਆਂ ਦੇ ਸ਼ੱਕੀ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰ ਸਕਦੇ ਹਨ।**

**yellowcard.mhra.gov.uk** 'ਤੇ ਜਾ ਕੇ ਜਾਂ **0800 731 6789** 'ਤੇ ਯੈਲੋ ਕਾਰਡ ਹੌਟਲਾਈਨ 'ਤੇ ਕਾਲ ਕਰਕੇ ਅਜਿਹਾ ਔਨਲਾਈਨ ਕੀਤਾ ਜਾ ਸਕਦਾ ਹੈ। ਤੁਸੀਂ QR ਕੋਡ ਦੀ ਵੀ ਵਰਤੋਂ ਕਰ ਸਕਦੇ ਹੋ ਜਾਂ ਯੈਲੋ ਕਾਰਡ ਐਪ ਨੂੰ ਡਾਊਨਲੋਡ ਕਰਕੇ ਅਜਿਹਾ ਕਰ ਸਕਦੇ ਹੋ।

SCAN ME

# ਫਰਵਰੀ 2022 ਤੋਂ ਬਚਪਨ ਦਾ ਰੂਟੀਨ ਟੀਕਾਕਰਨ ਪ੍ਰੋਗਰਾਮ

| ਕਦੋਂ | ਬਿਮਾਰੀਆਂ ਜਿਨ੍ਹਾਂ ਤੋਂ ਸੁਰੱਖਿਆ ਮਿਲਦੀ ਹੈ | ਲਗਾਏ ਗਏ ਟੀਕੇ |
|---|---|---|
| ਅੱਠ ਹਫ਼ਤੇ ਦੀ ਉਮਰ | ਡਿਪਥੇਰੀਆ, ਟੈਟਨਸ, ਪਰਟੂਸਿਸ (ਕਾਲੀ ਖੰਘ), ਪੋਲੀਓ, ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ (ਹਿਬ) ਅਤੇ ਹੈਪੇਟਾਈਟਸ ਬੀ | DTaP/IPV/Hib/HepB ਜਾਂ 6-ਇਨ-1 ਟੀਕਾ |
| | ਮੇਨੀਂਗੋਕੋਕਲ ਗਰੁੱਪ ਬੀ (MenB) | MenB |
| | ਰੋਟਾਵਾਇਰਸ ਗੈਸਟਰੋਐਂਟਰਾਇਟਿਸ [4] | ਰੋਟਾਵਾਇਰਸ |
| ਬਾਰਾਂ ਹਫ਼ਤੇ ਦੀ ਉਮਰ | ਡਿਪਥੇਰੀਆ, ਟੈਟਨਸ, ਪਰਟੂਸਿਸ, ਪੋਲੀਓ, ਹਿਬ ਅਤੇ ਹੈਪੇਟਾਈਟਸ ਬੀ | DTaP/IPV/Hib/HepB |
| | ਨਿਊਮੋਕੋਕਲ (13 ਸੀਰੋਟਾਈਪਸ) | ਨਿਊਮੋਕੋਕਲ ਕੰਨਜੁਗੇਟ ਵੈਕਸੀਨੇਸ਼ਨ (PCV) |
| | ਰੋਟਾਵਾਇਰਸ [4] | ਰੋਟਾਵਾਇਰਸ |
| ਸੋਲ੍ਹਾਂ  ਹਫ਼ਤੇ ਦੀ ਉਮਰ | ਡਿਪਥੇਰੀਆ, ਟੈਟਨਸ, ਪਰਟੂਸਿਸ, ਪੋਲੀਓ, ਹਿਬ ਅਤੇ ਹੈਪੇਟਾਈਟਸ ਬੀ | DTaP/IPV/Hib/HepB |
| | MenB | MenB |
| ਇੱਕ ਸਾਲ ਦੇ ਬੱਚੇ ਦੇ ਪਹਿਲੇ ਜਨਮਦਿਨ ਤੇ ਜਾਂ ਬਾਅਦ ਵਿੱਚ | Hib ਅਤੇ MenC | Hib/MenC |
| | ਨਿਊਮੋਕੋਕਲ ਬੂਸਟਰ | PCV |
| | ਖਸਰਾ, ਕੰਨ ਪੇੜੇ ਅਤੇ ਰੁਬੈਲਾ (ਜਰਮਨ ਖਸਰਾ) | MMR[2] |
| | MenB | MenB ਬੂਸਟਰ |
| ਯੋਗ ਬਾਲ ਉਮਰ ਸਮੂਹ [1] | ਇਨਫਲੂਐਂਜ਼ਾ (ਹਰ ਸਾਲ ਸਤੰਬਰ ਤੋਂ) | LAIV[2,3] |
| ਤਿੰਨ ਸਾਲ ਅਤੇ ਸੋਲਾਂ ਹਫ਼ਤਿਆਂ ਦੀ ਉਮਰ ਜਾਂ ਤੁਰੰਤ ਬਾਅਦ | ਡਿਪਥੇਰੀਆ, ਟੈਟਨਸ, ਪਰਟੂਸਿਸ ਅਤੇ ਪੋਲੀਓ | dTaP/IPV |
| | ਖਸਰਾ, ਕੰਨ ਪੇੜੇ ਅਤੇ ਰੁਬੇਲਾ | MMR (ਦਿੱਤੀ ਗਈ ਪਹਿਲੀ ਖੁਰਾਕ ਦੀ ਜਾਂਚ ਕਰੋ)2 |
| ਬਾਰਾਂ ਤੋਂ ਤੇਰਾਂ ਸਾਲ ਦੀ ਉਮਰ ਦੇ ਮੁੰਡੇ-ਕੁੜੀਆਂ | ਖਾਸ ਮਨੁੱਖੀ ਪੈਪੀਲੋਮਾਵਾਇਰਸ (HPV) ਕਿਸਮਾਂ ਦੇ ਕਾਰਨ ਹੋਣ ਵਾਲੇ ਕੈਂਸਰ ਅਤੇ ਜਣਨ ਸਥਾਨ ਤੇ ਮੱਸੇ | HPV (ਦੋ ਖੁਰਾਕਾਂ 6-24 ਮਹੀਨਿਆਂ ਦੇ ਅੰਤਰ ਵਿਚ) |
| ਚੌਦਾਂ ਸਾਲ ਦੀ ਉਮਰ (ਸਕੂਲੀ ਸਾਲ 9) | ਟੈਟਨਸ, ਡਿਪਥੇਰੀਆ ਅਤੇ ਪੋਲੀਓ | Td/IPV (MMR ਸਥਿਤੀ ਦੀ ਜਾਂਚ ਕਰੋ) |
| | ਮੈਨਿਨਜੋਕੋਕਲ ਸਮੂਹ A, C, W  ਅਤੇ Y | MenACWY |

**[1]** www.gov.uk/government/publications/influenza-the-green-book-chapter-19 ਜਾਂ www.nhs.uk/conditions/vaccinations/child-flu-vaccine ਤੇ ਗ੍ਰੀਨ ਬੁੱਕ ਚੈਪਟਰ 19 ਦੇਖੋ। **[2]** ਲਾਈਵ ਐਟੇਨਿਊਏਟਿਡ ਇਨਫਲੂਐਂਜ਼ਾ ਵੈਕਸੀਨ (LAIV) ਅਤੇ MMR ਵੈਕਸੀਨ ਦੇ ਦੋ ਬ੍ਰਾਂਡਾਂ ਵਿੱਚੋਂ ਇੱਕ ਵਿੱਚ ਪੋਰਸੀਨ ਜੈਲੇਟਿਨ ਸ਼ਾਮਲ ਹੈ। **[3]** ਜੇਕਰ LAIV (ਲਾਈਵ ਐਟੇਨਿਊਏਟਿਡ ਇਨਫਲੂਐਂਜ਼ਾ ਵੈਕਸੀਨ) ਨੂੰ ਉਚਿਤ ਨਹੀਂ ਮੰਨਿਆ ਜਾਂਦਾ ਅਤੇ ਬੱਚਾ ਕਲੀਨਿਕਲ ਜੋਖਮ ਸਮੂਹ ਵਿੱਚ ਹੈ, ਤਾਂ ਅਕਿਰਿਆਸ਼ੀਲ ਫਲੂ ਵੈਕਸੀਨ ਦੀ ਵਰਤੋਂ ਕਰੋ। **[4]** ਰੋਟਾਵਾਇਰਸ ਦੇਣ ਤੋਂ ਪਹਿਲਾਂ SCID ਸਕ੍ਰੀਨਿੰਗ ਨਤੀਜੇ ਦੀ ਜਾਂਚ ਕਰੋ

# ਚਿਰਕਾਲੀ ਡਾਕਟਰੀ ਸਿਹਤ-ਸਮੱਸਿਆਵਾਂ ਵਾਲੇ ਵਿਅਕਤੀਆਂ ਲਈ ਵਾਧੂ ਟੀਕੇ

| ਡਾਕਟਰੀ ਸਿਹਤ-ਸਮੱਸਿਆ | ਜਿਨ੍ਹਾਂ ਬਿਮਾਰੀਆਂ ਤੋਂ ਸੁਰੱਖਿਆ ਕੀਤੀ ਜਾਂਦੀ ਹੈ | ਲੋੜੀਂਦੇ ਟੀਕੇ |
|---|---|---|
| ਐਸਪਲੇਨੀਆ ਜਾਂ ਸਪਲੀਨਿਕ ਡਿਸਫੰਕਸ਼ਨ (ਸਿਕਲ ਸੈੱਲ ਅਤੇ ਸੇਲੀਏਕ ਬਿਮਾਰੀ ਸਮੇਤ) | ਮੈਨਿਨਜੋਕੋਕਲ ਸਮੂਹ A, B, C, W ਅਤੇ Y<br>ਨਿਊਮੋਕੋਕਲ<br>ਇਫਲੂਐਂਜ਼ਾ | MenACWY<br>MenB<br>PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ |
| ਕੋਕਲੀਅਰ ਇੰਪਲਾਂਟ | ਨਿਊਮੋਕੋਕਲ | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ) |
| ਸਾਹ ਅਤੇ ਦਿਲ ਦੀਆਂ ਚਿਰਕਾਲੀ ਸਮੱਸਿਆਵਾਂ (ਜਿਵੇਂ ਕਿ ਗੰਭੀਰ ਦਮਾ, ਪੁਰਾਣੀ ਸਾਹ ਸਬੰਧੀਬਿਮਾਰੀ, ਅਤੇ ਦਿਲ ਦਾ ਨਕਾਰਾ ਹੋਣਾ) | ਨਿਊਮੋਕੋਕਲ<br>ਇਨਫਲੂਐਂਜ਼ਾ | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ |
| ਚਿਰਕਾਲੀ ਨਿਊਰੋਲੋਜੀਕਲ (ਨਸ-ਤੰਤੂ ਸਬੰਧੀ) ਸਿਹਤ-ਸਮੱਸਿਆਵਾਂ (ਜਿਵੇਂ ਕਿ ਪਾਰਕਿੰਸਨ'ਜ਼ ਜਾਂ ਮੋਟਰ ਨਿਊਰੋਨ ਬਿਮਾਰੀ, ਜਾਂ ਸਿੱਖਣ ਦੀ ਅਯੋਗਤਾ) | ਨਿਊਮੋਕੋਕਲ<br>ਇਨਫਲੂਐਂਜ਼ਾ | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ |
| ਡਾਇਬਟੀਜ਼ | ਨਿਊਮੋਕੋਕਲ<br>ਇਨਫਲੂਐਂਜ਼ਾ | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ |
| ਗੁਰਦੇ ਦੀ ਚਿਰਕਾਲੀ ਬਿਮਾਰੀ (CKD) (ਹੀਮੋਡਾਇਲਾਸਿਸ ਸਮੇਤ) | ਨਿਊਮੋਕੋਕਲ (ਸਟੇਜ 4 ਅਤੇ 5 CKD)<br>ਇਨਫਲੂਐਂਜ਼ਾ (ਸਟੇਜ 3, 4 ਅਤੇ 5 CKD)<br>ਹੈਪੇਟਾਈਟਸ ਬੀ (ਸਟੇਜ 4 ਅਤੇ 5 CKD) | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ<br>ਹੈਪੇਟਾਈਟਸ ਬੀ |
| ਜਿਗਰ ਦੀਆਂ ਚਿਰਕਾਲੀ ਸਿਹਤ-ਸਮੱਸਿਆਵਾਂ | ਨਿਊਮੋਕੋਕਲ<br>ਇਨਫਲੂਐਂਜ਼ਾ<br>ਹੈਪੇਟਾਈਟਸ ਏ<br>ਹੈਪੇਟਾਈਟਸ ਬੀ | PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ<br>ਹੈਪੇਟਾਈਟਸ ਏ<br>ਹੈਪੇਟਾਈਟਸ ਬੀ |
| ਹਿਮੋਫੀਲੀਆ | ਹੈਪੇਟਾਈਟਸ ਏ<br>ਹੈਪੇਟਾਈਟਸ ਬੀ | ਹੈਪੇਟਾਈਟਸ ਏ<br>ਹੈਪੇਟਾਈਟਸ ਬੀ |
| ਬਿਮਾਰੀ ਜਾਂ ਇਲਾਜ ਦੇ ਕਾਰਨ ਇਮਯੂਨੋਸਪਰੈਸ਼ਨ [2] | ਨਿਊਮੋਕੋਕਲ<br>ਇਨਫਲੂਐਂਜ਼ਾ | PCV13 (ਦਸ ਸਾਲ ਦੀ ਉਮਰ ਤੱਕ)[1,3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਦਾ ਟੀਕਾ |
| ਪੂਰਕ ਵਿਕਾਰ (ਪੂਰਕ ਇਨਿਹਿਬਟਰ ਥੈਰੇਪੀ ਪ੍ਰਾਪਤ ਕਰਨ ਵਾਲਿਆਂ ਸਮੇਤ) | ਮੈਨਿਨਜੋਕੋਕਲ ਸਮੂਹ A, B, C, W ਅਤੇ Y<br>ਨਿਊਮੋਕੋਕਲ<br>ਇਨਫਲੂਐਂਜ਼ਾ | MenACWY<br>MenB<br>PCV13 (ਦਸ ਸਾਲ ਦੀ ਉਮਰ ਤੱਕ)[3]<br>PPV (ਦੋ ਸਾਲ ਦੀ ਉਮਰ ਤੋਂ)<br>ਸਲਾਨਾ ਫਲੂ ਵੈਕਸੀਨ |

**[1]** ਗੰਭੀਰ ਇਮਯੂਨੋਸਪਰੈਸ਼ਨ  ਵਿੱਚ ਕਿਸੇ ਵੀ ਉਮਰ ਵਿੱਚ **[2]** ਪਰਿਵਾਰ ਦੇ ਮੈਂਬਰਾਂ ਅਤੇ ਇਹਨਾਂ ਸਿਹਤ-ਸਮੱਸਿਆਵਾਂ ਤੋਂ ਪੀੜਿਤ ਲੋਕਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਸਾਲਾਨਾ ਇਨਫਲੂਐਂਜ਼ਾ ਟੀਕਾਕਰਨ 'ਤੇ ਵਿਚਾਰ ਕਰੋ **[3]** ਜੇ ਦੋ ਸਾਲ ਤੋਂ ਲੈ ਕੇ ਦਸ ਸਾਲ ਤੋਂ ਘੱਟ ਉਮਰ ਹੈ ਅਤੇ ਨਿਊਮੋਕੋਕਲ ਇਨਫੈਕਸ਼ਨ ਦੇ ਵਿਰੁੱਧ ਇੱਕ PCV13 ਡੋਜ਼ ਤੋਂ ਬਗੈਰ-ਟੀਕਾਕਰਨ ਤੋਂ ਹੈ ਜਾਂ ਅੰਸ਼ਕ ਤੌਰ 'ਤੇ ਟੀਕਾਕਰਨ ਕੀਤਾ ਗਿਆ ਹੈ।

# ਬਚਪਨ ਦਾ ਚੋਣਵਾਂ ਟੀਕਾਕਰਨ ਪ੍ਰੋਗਰਾਮ

| ਟੀਚੇ ਵਾਲਾ ਸਮੂਹ | ਉਮਰ ਅਤੇ ਅਨੁਸੂਚੀ | ਰੋਗ | ਲੋੜੀਂਦੇ ਟੀਕੇ |
|---|---|---|---|
| ਹੈਪੇਟਾਈਟਸ ਬੀ ਲਾਗਗ੍ਰਸਤ ਮਾਵਾਂ ਤੋਂ ਪੈਦਾ ਹੋਏ ਬੱਚੇ | ਜਨਮ ਸਮੇਂ, ਚਾਰ ਹਫ਼ਤੇ ਅਤੇ 12 ਮਹੀਨਿਆਂ ਦੀ ਉਮਰ[1,2] | ਹੈਪੇਟਾਈਟਸ ਬੀ | ਹੈਪੇਟਾਈਟਸ ਬੀ (Engerix B/ HBvaxPRO) |
| ਟੀਬੀ ਦੇ ਵਾਕਿਆਂ ਵਾਲੇ ਦੇਸ਼ ਦੇ ਖੇਤਰਾਂ ਵਿੱਚ ਬਹੁਤ ਛੋਟੇ ਬੱਚੇ > 40/100,000 | ਜਨਮ ਤੋਂ ਬਾਅਦ ਲਗਭਗ 28 ਦਿਨ [4] | ਤਪੇਦਿਕ | BCG |
| ਛੋਟੇ ਬੱਚੇ ਜਿਨ੍ਹਾਂ ਦੇ ਮਾਂ-ਬਾਪ ਜਾਂ ਦਾਦਾ-ਦਾਦੀ ਉੱਚ ਵਾਕਿਆ ਵਾਲੇ ਦੇਸ਼ ਵਿੱਚ ਪੈਦਾ ਹੋਏ [3] | ਜਨਮ [4]ਤੋਂ ਬਾਅਦ ਲਗਭਗ 28 ਦਿਨ | ਤਪੇਦਿਕ | BCG |
| ਗਰਭਵਤੀ ਔਰਤਾਂ | ਫਲੂ ਦੇ ਮੌਸਮ ਦੌਰਾਨ ਗਰਭ ਅਵਸਥਾ ਦੇ ਕਿਸੇ ਵੀ ਪੜਾਅ ਤੇ<br><br>ਗਰਭਅਵਸਥਾ ਦੇ 16 ਹਫ਼ਤਿਆਂ ਤੋਂ[5] | ਇਨਫਲੂਐਂਜ਼ਾ<br><br>ਪਰਟੂਸਿਸ | ਅਕਿਰਿਆਸ਼ੀਲ ਫਲੂ ਦਾ ਟੀਕਾ<br><br>dTaP/IPV<br><br>(ਬੂਸਟਰਿਕਸ-IPV) |

**[1]** ਲਾਗ ਨੂੰ ਬਾਹਰ ਰੱਖਣ ਲਈ HBsAg ਲਈ 12 ਮਹੀਨਿਆਂ ਵਿੱਚ ਖੂਨ ਲਓ **[2]** ਇਸ ਤੋਂ ਇਲਾਵਾ 6-ਇਨ-1 ਟੀਕਾ 8ਵੇਂ, 12ਵੇਂ ਅਤੇ 16ਵੇਂ ਹਫ਼ਤਿਆਂ ਵਿੱਚ ਲਗਾਇਆ ਜਾਂਦਾ ਹੈ **[3]** ਜਿੱਥੇ ਟੀਬੀ ਦੀ ਸਾਲਾਨਾ ਇਨਫੈਕਸ਼ਨ ਦਰ > 40/100,000 ਹੈ – ਦੇਖੋ: gov.uk/government/publications/tuberculosis-tb-by-country-rates-per-100000-people **[4]** BCG ਦੇਣ ਤੋਂ ਪਹਿਲਾਂ SCID ਸਕ੍ਰੀਨਿੰਗ ਦੇ ਨਤੀਜੇ ਦੀ ਜਾਂਚ ਕਰੋ **[5]** ਆਮ ਤੌਰ ਤੇ ਨੁਕਸਦਾਰ ਸਕੈਨ ਤੋਂ ਬਾਅਦ ਪੇਸ਼ਕਸ਼ ਕੀਤੀ ਜਾਂਦੀ ਹੈ

NHS

ਯੂਕੇ ਦੀ ਸਿਹਤ ਸੁਰੱਖਿਆ ਏਜੰਸੀ ਦੁਆਰਾ ਤਿਆਰ ਕੀਤਾ

**UK Health Security Agency**

© Crown copyright 2022
2022QG1PAN 1p 500K JUN 2022 Panjabi
ਯੂਕੇ ਹੈਲਥ ਸਿਕਿਉਰਿਟੀ ਏਜੰਸੀ ਗੇਟਵੇ ਨੰਬਰ ਹੈ: 2022589

ਇਹ ਐਡੀਸ਼ਨ ਪਹਿਲੀ ਵਾਰ ਦਸੰਬਰ 2019 ਨੂੰ ਪ੍ਰਕਾਸ਼ਿਤ ਹੋਇਆ ਸੀ।

ਜੇਕਰ ਤੁਹਾਨੂੰ ਇਸ ਪਰਚੇ ਦੀਆਂ ਹੋਰ ਕਾਪੀਆਂ ਦੀ ਲੋੜ ਹੈ, ਤਾਂ ਕਿਰਪਾ ਕਰਕੇ www.healthpublications.gov.uk 'ਤੇ ਜਾਓ ਅਤੇ ਸਿਹਤ ਪਬਲੀਕੇਸ਼ਨਜ਼ ਆਰਡਰਲਾਈਨ ਨਾਲ ਸੰਪਰਕ ਕਰੋ। Ph1: 0300 123 1002. ਮਿਨੀਕਾਮ: 0300 123 1003 (ਸਵੇਰੇ 8 ਤੋਂ ਸ਼ਾਮ 6 ਵਜੇ, ਸੋਮਵਾਰ ਤੋਂ ਸ਼ੁੱਕਰਵਾਰ)।

ਕਿਰਪਾ ਕਰਕੇ ਪ੍ਰੋਡਕਟ ਕੋਡ ਦੀ ਵਰਤੋਂ ਕਰੋ: 2022QG1PAN Panjabi

**www.nhs.uk/vaccinations**